CLASS : 10th (Secondary) **Code No. 4210**

**Series : Sec. M/2019**

ਰੋਲ ਨੰ. | | | | | | | | | | |

**SET : C**

# ਪੰਜਾਬੀ

## PUNJABI

*(Academic/Open)*

(Only for Fresh/Re-appear Candidates)

*ਸਮਾਂ : 3 ਘੰਟੇ ]* *[ ਕੁਲ ਅੰਕ : 80*

- *ਕ੍ਰਿਪਆ ਜਾਂਚ ਕਰ ਲਓ ਕਿ ਇਸ ਪ੍ਰਸਨ-ਪੱਤਰ ਵਿੱਚ ਛੱਪੇ ਪੰਨਿਆ ਦੀ ਸੰਖਿਆ 8 ਅਤੇ ਪ੍ਰਸ਼ਨ 14 ਹਨ।*
- *ਪ੍ਰਸ਼ਨ-ਪੱਤਰ ਵਿੱਚ ਸੱਜੇ ਪਾਸੇ ਦਿੱਤੇ ਹੋਏ **ਕੋਡ ਨੰ.** ਅਤੇ **ਸੇਟ** ਨੂੰ ਵਿਦਿਆਰਥੀ ਉੱਤਰ-ਪੁਸਤਿਕਾ ਦੇ ਮੁੱਖ ਪੰਨੇ ਤੇ ਲਿਖਨ।*
- *ਕ੍ਰਿਪਆ ਪ੍ਰਸ਼ਨ ਦਾ ਉੱਤਰ ਲਿਖ਼ਣਾ ਸ਼ੁਰੂ ਕਰਨ ਤੋਂ ਪਹਿਲਾਂ ਪ੍ਰਸ਼ਨ ਦਾ ਕ੍ਰਮਾਂਕ ਜਰੂਰ ਲਿਖੋਂ।*
- *ਆਪਣੀ ਉੱਤਰ-ਪੁਸਤਿਕਾ ਵਿੱਚ ਖ਼ਾਲੀ ਪੰਨਾ/ਪੰਨੇ ਨਾ ਛੱਡੋਂ।*
- *ਉੱਤਰ-ਪੁਸਤਿਕਾ ਦੇ ਇਲਾਵਾ ਕੋਈ ਹੋਰ ਸ਼ੀਟ ਨਹੀਂ ਮਿਲੇਗੀ। ਇਸ ਲਈ ਢੁਕਵੇਂ ਹੀ ਲਿਖੋਂ ਅਤੇ ਲਿਖ਼ਿਆ ਉੱਤਰ ਨਾ ਕੱਟੋ।*
- *ਪ੍ਰੀਖਿਆਰਥੀ ਆਪਣਾ ਰੋਲ ਨੰ. ਪ੍ਰਸ਼ਨ-ਪੱਤਰ ਤੇ ਜ਼ਰੂਰ ਲਿਖਣ। ਪ੍ਰਸ਼ਨ-ਪੱਤਰ ਵਿਚ ਰੋਲ ਨੰ. ਤੋਂ ਇਲਾਵਾ ਕੁਝ ਵੀ ਨਾ ਲਿਖੋਂ।*
- *ਕ੍ਰਿਪਆ ਪ੍ਰਸ਼ਨਾਂ ਦਾ ਉੱਤਰ ਦੇਣ ਤੋਂ ਪਹਿਲਾਂ ਇਹ ਵੇਖ ਲੋਂ ਕਿ ਪ੍ਰਸ਼ਨ-ਪੱਤਰ ਪੂਰਾ ਅਤੇ ਠੀਕ ਹੈ। **ਪਰੀਖਿਆ ਦੇ ਬਾਅਦ ਇਸ ਸੰਬੰਧ ਵਿਚ ਕੋਈ ਵੀ ਦਾਅਵਾ ਨਹੀਂ ਮੰਨਿਆ ਜਾਏਗਾ।***



QUESTION BANK OF HARYANA

***ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।***

**ਭਾਗ – (ੳ)**

**1.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ : $1 \times 4 = 4$

(i) ਦੀਦਾਰ ਦਾ ਬਸਤਾ ਬਹੁਤ ਸੁੰਦਰ ਹੈ। ਵਾਕ ਵਿਚ 'ਦੀਦਾਰ' ਸ਼ਬਦ ਦਾ ਕਾਰਕ ਹੈ :

(ੳ) ਕਰਨ ਕਾਰਕ

(ਅ) ਸੰਬੰਧ ਕਾਰਕ

(ੲ) ਕਰਤਾ ਕਾਰਕ

(ਸ) ਅਪਾਦਾਨ ਕਾਰਕ

(ii) ਮੈਂ ਆਪਣੇ-ਆਪ ਚਲਾ ਜਾਵਾਂਗਾ। ਵਾਕ ਵਿਚ 'ਆਪਣੇ-ਆਪ' ਸ਼ਬਦ ਹੈ :

(ੳ) ਪ੍ਰਸ਼ਨਵਾਚਕ ਪੜਨਾਂਵ

(ਅ) ਸੰਬੰਧਵਾਚਕ ਪੜਨਾਂਵ

(ੲ) ਨਿੱਜ ਵਾਚਕ ਪੜਨਾਂਵ

(ਸ) ਪੁਰਖਵਾਚਕ ਪੜਨਾਂਵ

(iii) ਸ਼ੁੱਧ ਸ਼ਬਦ ਚੁਣੋ :

(ੳ) ਤੀਹ (ਅ) ਅਓਖਾ

(ੲ) ਕੰਗਾ (ਸ) ਔਸਵਾਲ



QUESTION BANK OF HARYANA

(iv) ਜਿਸ ਤਨ ......., ਸੋ ਤਨ ਜਾਣੇ। ਅਖਾਣ ਪੂਰੀ ਕਰੋ :

(ੳ) ਦਰਦ (ਅ) ਲਾਗੇ

(ੲ) ਥਕਾਵਟ (ਸ) ਗੰਦਗੀ

**2.** (i) ਰੂਪਜੋਤ ਸਭ ਤੋਂ ਵੱਧ ਸ਼ਰਾਰਤੀ ਹੈ। (ਨਾਂਹ ਵਾਚਕ ਵਾਕ ਬਣਾਓ) 1

(ii) ਤੁਸੀਂ ਕੀ ਕੰਮਕਾਰ ਕਰਦੇ ਹੋ ? (ਬਿਨੈ ਵਾਚਕ ਵਾਕ ਬਣਾਓ) 1

(iii) ਉਸ ਨੇ ਨਵੀਂ ਸਾੜ੍ਹੀ ਖਰੀਦੀ। (ਲਕੀਰੇ ਸ਼ਬਦ ਦੀ ਪਦਵੰਡ ਕਰੋ) 1

(iv) 'ਦਾਰ' ਪਿਛੇਤਰ ਤੋਂ ਇਕ ਸ਼ਬਦ ਬਣਾਓ। 1

**3.** ਮਿਲਖਾ ਸਿੰਘ ਦਾ ਭਰਾ ਵੱਡਾ ਮੁਲਤਾਨ ਵਿਚ ਫ਼ੌਜ ਸੀ।

(ਵਾਕ ਨੂੰ ਸ਼ੁੱਧ ਕਰਕੇ ਲਿਖੋ) 2

**4.** ਹੇਠ ਲਿਖੇ ਵਾਕ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਲਿਖੋ : 3

ਹਾਏ ਕਿੰਨੇ ਸੁੰਦਰ ਫੁੱਲ ਲੱਗੇ ਹਨ ਇਕ ਕੁੜੀ ਨੇ ਦੂਜੀ ਕੁੜੀ ਨੂੰ ਅਖਿਆ

**5.** ਹੇਠ ਲਿਖੇ ਮੁਹਾਵਰਿਆਂ ਵਿਚੋਂ ਕਿਸੇ ***ਇਕ*** ਮੁਹਾਵਰੇ ਨੂੰ ਅਰਥ ਸਹਿਤ ਵਾਕ ਵਿਚ ਵਰਤੋ : 2

(i) ਕੰਨਾਂ ਉਪਰ ਜੂੰ ਨਾ ਸਰਕਣੀ

(ii) ਦੰਗ ਰਹਿ ਜਾਣਾ

**6.** ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :

ਭਾਵੇਂ ਪੂਰਬ ਬਹੁਤ ਸਾਰੇ ਵਹਿਮਾਂ ਦਾ ਘਰ ਹੈ, ਪਰ ਇਹ ਨਹੀਂ ਮੰਨ ਲੈਣਾ ਚਾਹੀਦਾ ਕਿ ਪੱਛਮ ਵਹਿਮਾਂ ਤੋਂ ਮੁਕਤ ਹੈ। ਯੂਰਪੀਆਂ ਵਿਚ ਵੀ ਅਸੀਂ



QUESTION BANK OF HARYANA

ਦੇਖਦੇ ਹਾਂ ਕਿ ਬਹੁਤ ਸਾਰੇ ਲੋਕ ਤੇਰ੍ਹਾਂ ਦੇ ਅੰਕ ਨੂੰ ਅਸੁਖਾਵਾਂ ਮੰਨਦੇ ਹਨ। ਉਹਨਾਂ ਵਾਸਤੇ ਗਿੱਦੜ ਦਾ ਹਵਾਂਕਣਾਂ ਬਦਸ਼ਗਨੀ ਹੈ। ਇਸੇ ਤਰ੍ਹਾਂ ਉੱਲੂ ਨੂੰ ਉਹ ਨਹਿਸ਼ ਮੰਨਦੇ ਹਨ। ਭਾਰਤ ਵਿਚ ਵੀ ਕਈ ਲੋਕ ਵਹਿਮੀ ਹਨ। ਹਫ਼ਤੇ ਦੇ ਖਾਸ ਦਿਨਾਂ ਤੇ ਉਹ ਸਫ਼ਰ ਤੇ ਜਾਣਾ ਪਸੰਦ ਨਹੀਂ ਕਰਦੇ। ਜੋਤਸ਼ੀਆਂ ਤੋਂ ਵਿਆਹ-ਸ਼ਾਦੀਆਂ ਦੀ ਰਸਮ ਲਈ ਉਚਿਤ ਦਿਨ ਮਿਥਣ ਵਾਸਤੇ ਸਲਾਹ ਲਈ ਜਾਂਦੀ ਹੈ। ਅੰਧ ਵਿਸ਼ਵਾਸ ਲੋਕਾਂ ਦੇ ਮਨਾਂ ਵਿਚ ਇਕ ਡਰ ਪੈਦਾ ਕਰ ਦਿੰਦਾ ਹੈ। ਵਹਿਮ ਦੇਸ਼ ਦੀ ਤੱਰਕੀ ਦੇ ਰਾਹ ਵਿਚ ਰੁਕਾਵਟ ਹਨ। ਸਿੱਖਿਆ ਦੇ ਪਸਾਰ ਤੇ ਅਨਪੜ੍ਹਤਾ ਖ਼ਤਮ ਕਰਨ ਨਾਲ ਵਹਿਮ ਵਾਲੇ ਵਿਸ਼ਵਾਸ ਅਲੋਪ ਹੋ ਜਾਣਗੇ।

(i) ਪੱਛਮ ਦੇ ਲੋਕ ਕਿਹੜੇ-ਕਿਹੜੇ ਵਹਿਮ ਕਰਦੇ ਹਨ ? 2

(ii) ਭਾਰਤੀ ਲੋਕਾਂ ਦੇ ਵਹਿਮਾਂ ਨੂੰ ਲਿਖੋ। 2

(iii) ਵਹਿਮਾਂ ਨੂੰ ਕਿਵੇਂ ਖ਼ਤਮ ਕੀਤਾ ਜਾ ਸਕਦਾ ਹੈ ? 1

**7.** ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ ***ਇਕ*** ਵਿਸ਼ੇ ਤੇ ਲਗਭਗ **250** ਸ਼ਬਦਾਂ ਦਾ ਲੇਖ ਲਿਖੋ : 5

(i) ਗੁਰੂ ਨਾਨਕ ਦੇਵ

(ii) ਬੇਰੁਜ਼ਗਾਰੀ

(iii) ਪਾਣੀ ਦਾ ਮਹੱਤਵ

(iv) ਵਧ ਰਹੀ ਨਸ਼ਾਖੋਰੀ

(v) ਕਿਸੇ ਤੀਰਥ ਅਸਥਾਨ ਦੀ ਯਾਤਰਾ



QUESTION BANK OF HARYANA

**8.** ਆਪਣੇ ਸਕੂਲ ਦੇ ਮੁੱਖ ਅਧਿਆਪਕ ਨੂੰ ਗਰੀਬੀ ਦੀ ਹਾਲਤ ਦੱਸ ਕੇ ਫ਼ੀਸ ਮੁਆਫੀ ਲਈ ਬੇਨਤੀ ਪੱਤਰ ਲਿਖੋ। 5

**ਜਾਂ**

ਆਪਣੇ ਰਾਜ ਦੇ ਸਿੱਖਿਆ ਮੰਤਰੀ ਨੂੰ ਇਲਾਕੇ ਵਿਚ ਕਾਲਜ ਖੋਲ੍ਹਣ ਲਈ ਇਕ ਮੰਗ ਪੱਤਰ ਲਿਖੋ।

**ਭਾਗ – (ਅ)**

**9.** (i) ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ***ਇਕ*** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 5

ਧਰਤੀ ਸੰਗ ਹੋਂਦ ਵਿਚ ਆਏ, ਹੰਦਾ ਏ ਪ੍ਰਤੀਤ।
ਮਾਨਵਤਾ ਦੀ ਕਰਨਗੇ ਸੇਵਾ, ਰਹਿੰਦੀ ਦੁਨੀਆ ਤੀਕ।
ਰੁੱਖਾਂ ਚੋਂ ਹੀ ਲੱਭਣਾ ਸਾਨੂੰ...ਕੁਦਰਤ ਦਾ ਸਿਰਨਾਂਵਾਂ,
ਰੁੱਖਾਂ ਬਾਝੋਂ ਧਰਤੀ ਜਿੱਦਾਂ ਬਿਨ ਬੱਚਿਆਂ ਦੇ ਮਾਂਵਾਂ।

**ਜਾਂ**

ਚਲੋ ਆਓ ! ਕੰਡਿਆਲੀ ਤਾਰ ਨੂੰ ਉਖਾੜੀਏ
ਧਰਤੀ ਮਾਂ ਦੀ ਹਿੱਕ 'ਤੇ ਕੰਡਿਆਲੀਆਂ ਤਾਰਾਂ ਗਡੀਆਂ ਨੇ ਕਮਲਿਓ !
ਆਓ ! ਸਰਹੱਦ ਦੀ ਤਾਰ ਥਾਵੇਂ ਫੁੱਲ ਬੀਜੀਏ
ਫੁੱਲ ਜੋ ਮੁਹੱਬਤ ਦਾ ਸਿਰਨਾਵਾਂ ਨੇ।



QUESTION BANK OF HARYANA

(ii) ਪੰਜਾਬੀ ਸਭਿਆਚਾਰ ਉੱਪਰ ਪੱਛਮੀ ਪ੍ਰਭਾਵ ਪੈ ਰਿਹਾ ਹੈ। 'ਗੁੰਮ ਨੇ ਰਸੋਈ ਵਿਚੋਂ' ਕਵਿਤਾ ਦੇ ਆਧਾਰ ਤੇ ਲਿਖੋ। 3

(iii) 'ਕਿਤਾਬਤ' ਤੋਂ ਕੀ ਭਾਵ ਹੈ? 1

**10.** (i) ਸੈਰ ਕਰਨ ਦੇ ਕੀ-ਕੀ ਲਾਭ ਹਨ? 3

(ii) ਕੀ ਤੁਸੀਂ ਆਪਣੇ ਅੰਦਰਲੀ ਬੁੱਧੀ ਨੂੰ ਪਛਾਣਨ ਦਾ ਜਤਨ ਕੀਤਾ ਹੈ? ਇਸ ਬਾਰੇ ਵਿਸਥਾਰ ਨਾਲ ਲਿਖੋ। 3

(iii) ਹੰਕਾਰੀ ਮਨੁੱਖ ਤੋਂ ਕਿਵੇਂ ਬਚਿਆ ਜਾ ਸਕਦਾ ਹੈ? 2

(iv) ਆਸਟ੍ਰੇਲਿਆ ਦੇ ਕੌਮੀ ਜਾਨਵਰ ਦਾ ਨਾਂ ਦੱਸੋ। 1

**11.** (i) ਕਹਾਣੀ ਵਿਚ ਈਅਰ ਫ਼ੋਨ ਦੇ ਕਿਹੜੇ ਬੁਰੇ ਪ੍ਰਭਾਵ ਦੱਸੇ ਗਏ ਹਨ? 3

(ii) ਵੰਦਨਾ ਅਤੇ ਅਰਚਨਾ ਦੀ ਫੁੱਲ ਬੂਟਿਆਂ ਨਾਲ ਕਿਹੋ ਜਿਹੀ ਸਾਂਝ ਹੈ? ਬਿਆਨ ਕਰੋ। 3

(iii) ਰਜਨੀ, ਸੱਪ ਨੂੰ ਕਿਵੇਂ ਕਾਬੂ ਕਰਦੀ ਹੈ? 2

(iv) 'ਨਾਨੀ ਦਾ ਪਿਆਰ' ਕਹਾਣੀ ਕਿਸ ਦੀ ਰਚਨਾ ਹੈ? 1

**12.** (i) 'ਬੇਬੇ ਰਾਮ ਭਜਨੀ ਦਾ ਚਰਿੱਤਰ ਆਪਣੇ ਸ਼ਬਦਾਂ ਵਿਚ ਲਿਖੋ। 5

**ਜਾਂ**

ਭ੍ਰਿਸ਼ਟਾਚਾਰ ਤੇ ਰਾਜ-ਪ੍ਰਬੰਧ ਦਾ ਬਹੁਤ ਨਜਦੀਕੀ ਵਾਲਾ ਸੰਬੰਧ ਹੈ? ਇਸ ਨੂੰ ਦੂਰ ਕਰਨ ਲਈ ਆਪਣੇ ਸੁਝਾਵਾਂ ਉਪਰ ਰੌਸ਼ਨੀ ਪਾਉ।

(ii) ਕਿਸਾਨ, ਰਾਜੇ ਤੇ ਵਜੀਰ ਨੂੰ ਕਿਵੇਂ ਮਾਰਦਾ-ਕੁੱਟਦਾ ਹੈ ਅਤੇ ਕਿਉਂ? 3

(iii) ਰਾਮ ਭਜਨੀ ਨੇ ਰੇਸ਼ਮੀ ਕੁੜਤੇ ਕਿਸ ਲਈ ਰੱਖੇ ਸਨ? 1

(iv) 'ਬੇਬੇ ਰਾਮ ਭਜਨੀ' ਇਕਾਂਗੀ ਕਿਸ ਦੀ ਰਚਨਾ ਹੈ? 1



QUESTION BANK OF HARYANA

**13.** (i) ਬੀਬੀ ਭਾਨੀ ਜੀ ਦੇ ਮੁੱਢਲੇ ਜੀਵਨ ਉੱਤੇ ਰੌਸ਼ਨੀ ਪਾਉ। 3

(ii) ਧਰਮ ਬਾਰੇ ਡਾ੦ ਕਲਾਮ ਦੇ ਕੀ ਵਿਚਾਰ ਸਨ ? 3

(iii) ਨਾਨਕ ਸਿੰਘ ਦੇ ਕਿਹੜੇ ਨਾਵਲ ਦੀ ਕਹਾਣੀ ਉਪਰ ਹਿੰਦੀ ਫਿਲਮ ਬਣੀ ? ਇਸ ਫਿਲਮ ਨੂੰ ਕਿਸ ਨੇ ਬਣਾਇਆ ? 2

(iv) 1958 ਦੀਆਂ ਟੋਕੀਓ ਏਸੀਆਈ ਖੇਡਾਂ ਵਿਚ ਮਿਲਖਾ ਸਿੰਘ ਮੂਹਰੇ ਕਿਹੜਾ ਖਿਡਾਰੀ ਸਭ ਤੋਂ ਵੱਡੀ ਚੁਣੌਤੀ ਸੀ ? 1

**14.** ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਵਿਚੋਂ ਸਹੀ ਉੱਤਰ ਚੁਣ ਕੇ ਲਿਖੋ :

1 × 4 = 4

(i) 'ਮਾਣ ਪੰਜਾਬੀ ਦਾ' ਕਵਿਤਾ ਦਾ ਕਵੀ ਹੈ :

(ੳ) ਡਾ੦ ਸੁਦਰਸ਼ਨ ਗਾਸੋ

(ਅ) ਕੁਲਵੰਤ ਸਿੰਘ ਰਫ਼ੀਕ

(ੲ) ਸ਼ਾਹ ਹੁਸੈਨ

(ਸ) ਗੁਰੂ ਅਮਰਦਾਸ ਜੀ

(ii) 'ਨਾਨੀ ਦਾ ਪਿਆਰ' ਕਹਾਣੀ ਦੀ ਘਟਨਾ ਵਾਪਰਦੀ ਹੈ :

(ੳ) ਲਾਹੌਰ ਸ਼ਹਿਰ ਵਿਚ

(ਅ) ਜਲੰਧਰ ਵਿਚ

(ੲ) ਅੰਮ੍ਰਿਤਸਰ ਸ਼ਹਿਰ ਵਿਚ

(ਸ) ਬਠਿੰਡਾ ਸ਼ਹਿਰ ਵਿਚ



QUESTION BANK OF HARYANA

(iii) ਲੇਖਕ ਨਾਲ ਕੁੜੀਆਂ ਦਾ ਕਾਫਲਾ ਕਿਸ ਵਾਦੀ ਵਲ ਜਾ ਰਿਹਾ ਸੀ ?

(ੳ) ਸ਼ਿਮਲਾ ਵਾਦੀ ਵਲ

(ਅ) ਕਸ਼ਮੀਰ ਵਾਦੀ ਵਲ

(ੲ) ਸੇਲਾਂਗ ਵਾਦੀ ਵਲ

(ਸ) ਮਨਾਲੀ ਵਾਦੀ ਵਲ

(iv) ਮਿਲਖਾ ਸਿੰਘ ਹੋਰੀਂ ਕਿੰਨੇ ਭੈਣ-ਭਰਾ ਸਨ ?

(ੳ) ਚਾਰ

(ਅ) ਪੰਜ

(ੲ) ਸੱਤ

(ਸ) ਅੱਠ

QUESTION BANK OF HARYANA